JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

**ਕਿਰਨਜੀਤ ਕੌਰ , ਡਾ. ਜੋਤੀ ਸ਼ਰਮਾ, ਐਸੋਸੀਏਟ ਪ੍ਰੋਫ਼ੈਸਰ, ਦੇਸ਼ ਭਗਤ ਯੂਨੀਵਰਸਿਟੀ**

ਮੋਬਾਇਲ ਫੋਨ ਨੰਬਰ

## ਕਵਿਤਾ ਦੇ ਖੇਤਰ ਵਿੱਚ ਨਾਰੀ ਦਾ ਸਰੂਪ

ਸੁਰੂ ਦੇ ਵਿੱਚ ਔਰਤ ਦੀ ਮਨੁੱਖਤਾ ਦੇ ਇਤਿਹਾਸ ਵਿੱਚ ਪੈਦਾਵਾਰ ਸਾਧਨਾਂ ਅਤੇ ਸਮਾਜਿਕ ਪ੍ਰਬੰਧ ਦੇ ਅਨੁਸਾਰ ਸਥਿਤੀ ਵੀ ਬਦਲਦੀ ਰਹੀ ਹੈ।ਬੇਸ਼ੱਕ ਇਸਤਰੀ ਦੀ ਹੋਦ ਤੋ ਬਿਨਾਂ ਮਨੁੱਖੀ ਸੰਸਾਰ ਦੀ ਕਲਪਨਾ ਕਰਨੀ ਵੀ ਅਸੰਭਵ ਸੀ ।ਔਰਤ ਦੇ ਯੋਗਦਾਨ ਨੇ ਹੀ ਸਮਾਜ ਦੇ ਸੰਸਕ੍ਰਿਤਕ ਵਿਕਾਸ ਨੂੰ ਹਮੇਸ਼ਾ ਗਤੀਸੀਲ ਬਣਾਇਆ ਹੈ।ਨਾਥ ਜੋਗੀਆ ਨੇ ਬੇਸ਼ੱਕ ਕਾਵਿ ਵਿੱਚ ਇਸਤਰੀਆਂ ਦੀ ਨਿੰਦਿਆ ਕੀਤੀ ਹੈ ।

ਜਿਵੇ -

ਸੱਪਣੀ ਕਹੇ ਮੈ ਅਬਲਾ ਬਲੀ ਹਾਂ
ਬ੍ਰਹੱਮਾ ਵਿਸ਼ਵ ਮਹਾਂਦੇਵ ਸ਼ਲੀ ਐ । 1

ਨਾਥ ਜੋਗੀਆ ਨੇ ਇਸਤਰੀਆ ਨੂੰ ਬਾਗਣ ਤੱਕ ਕਹਿ ਕੇ ਭੰਡਿਆ ਹੈ।ਨਾਰੀ ਹਮੇਸ਼ਾ ਆਪਣੀ ਜਿੰਦਗੀ ਸੰਘਰਸ਼ ਨਾਲ ਹੀ ਸ਼ੁਰੂ ਕਰਦੀ ਹੈ ਅਤੇ ਉਸਦਾ ਉਹੀ ਜੀਵਨ ਸੰਘਰਸ਼ ਮਰਦ ਦੀ ਪ੍ਰੇਰਨਾ ਬਣਦਾ ਹੈ।

ਔਰਤ ਮਨ ਦਾ ਕਾਵਿ ਨਾਲ ਉਸ ਸਮੇਂ ਤੋਂ ਸੰਬੰਧ ਹੈ, ਜਦੋਂ ਉਸ ਨੂੰ ਸਮਾਜ ਵਿੱਚ ਅੱਗੇ ਆਉਣ ਦੀ ਆਗਿਆ ਨਹੀ ਸੀ ਉਸ ਨੂੰ ਪੜਾਇਆ ਲਿਖਾਇਆ ਵੀ ਨਹੀ। ਸੀ ਜਾਂਦਾ ਅਤੇ ਕਲਮ ਦਾ ਉਸ ਨਾਲ ਕੋਈ ਦੂਰ-ਦੂਰ ਤੱਕ ਵਾਸਤਾ ਨਹੀ ਸੀ। ਔਰਤਾਂ ਲਈ ਸਕੂਲ ਦੀ ਕਲਪਨਾ ਕਰਨਾ ਮੁਸ਼ਕਿਲ ਸੀ ਉਸੇ ਸਮੇਂ ਔਰਤਾਂ ਮਨ ਵਿੱਚ ਉਠਦੇ ਭਾਵਾਂ ਨੂੰ ਲੋਕ ਗੀਤਾਂ ਵਿੱਚ ਪਰੋ ਕਿ ਸਮੂਹਿਕ ਕਾਵਿ ਦੀ ਸਿਰਜਣਾ ਕਰਦੀ ਸੀ। ਉਸੇ ਸਮੇਂ ਨਾਰੀ ਕੇਵਲ ਪੁਰਸ਼ ਦੇ ਨਾਮ ਨਾਲ ਹੀ ਸੰਬੰਧਿਤ ਹੁੰਦੀ ਸੀ। ਉਸ ਦੀ ਕੋਈ ਆਪਣੀ ਪਹਿਚਾਣ ਨਹੀਂ ਸੀ।

"ਦੁਨੀਆਂ ਦੇ ਹਰੇਕ ਖ਼ਿੱਤੇ ਵਿੱਚ ਨਾਰੀ, ਹੱਥ ਵਿੱਚ ਪੈਨ ਜਾਂ ਕਲਮ
ਨਾ ਹੋਣ ਦੇ ਬਾਵਜੂਦ ਵੀ, ਲੋਕ ਗੀਤਾਂ ਦੇ ਰੂਪ ਵਿੱਚ ਸਮੂਹਿਕ
ਕਵਿਤਾ ਦੀ ਸਿਰਜਣਾ ਕਰਦੀ ਰਹੀ ਹੈ। ਆਧੁਨਿਕ ਸਮੇਂ ਤੋਂ
ਕਵਿਤਰੀਆਂ ਦੀ ਵਿਅਕਤੀਗਤ ਸਿਰਜਣਾ ਵਿਕੋਇਤਰੇ ਰੂਪ ਵਿੱਚ
ਹੀ ਮਿਲਦੀ ਹੈ। ਆਧੁਨਿਕ ਸਮੇਂ ਤੋਂ ਪਹਿਲਾਂ ਨਾਰੀ ਦੀ
ਕੋਈ ਵਿਅਕਤੀਗਤ ਹੋਂਦ ਹੈ ਵੀ ਨਹੀਂ ਸੀ। ਵਿਅਕਤੀਗਤ ਹੋਂਦ
ਤੋਂ ਬਿਨ੍ਹਾਂ ਸਿਰਜਣਾ ਬੇਹੱਦ ਕਠਿਨ ਕੰਮ ਹੈ।"2

ਇਸ ਤਰ੍ਹਾਂ ਨਾਰੀ ਕਾਵਿ ਵਿੱਚ ਪ੍ਰਕਿਰਿਆ ਦੇ ਖੇਤਰ ਵਿੱਚ ਔਰਤਾਂ ਦੇ ਨਾ ਨਾਲ ਰਚਨਾ ਸੰਭਵ ਹੀ ਨਹੀ ਸੀ। ਆਧੁਨਿਕ ਪੰਜਾਬੀ ਨਾਰੀ ਕਾਵਿ ਦੀ ਪਰੰਪਰਾ ਵਿੱਚ ਅੰਮ੍ਰਿਤਾ ਪ੍ਰੀਤਮ ਦੇ ਸਮੇਂ ਤੱਕ ਭਾਵ ਵੀਂਹਵੀ ਸਦੀ ਤੱਕ ਹੋਰ ਕਿਸੇ ਨਾਰੀਵਾਦੀ ਕਵਿੱਤਰੀ ਦਾ ਨਾਂ ਸਾਡੇ ਸਾਹਮਣੇ ਨਹੀਂ

ਆਉਂਦਾ। ਅੰਮ੍ਰਿਤਾ ਪ੍ਰੀਤਮ ਇਸ ਅਹਿਮ ਪ੍ਰਵਿਰਤੀ ਦੀ ਪਹਿਲੀ ਪ੍ਰਮਾਵੀਕ ਆਵਾਜ਼ ਹੈ। ਉਸ ਨੇ ਹੌਂਸਲੇ ਨਾਲ ਮਰਦਾਵੀ ਹਕੂਮਤ, ਬੇਇਨਸਾਫ਼ੀ, ਬੇਪਤੀ ਤੇ ਲੁੱਟ ਦੇ ਨੰਗੇ ਲੁਕਵੇਂ ਰੂਪਾਂ ਨੂੰ ਵੰਗਾਰਿਆਂ ਤੇ ਪੰਜਾਬੀ ਸਾਹਿਤ ਵਿੱਚ ਔਰਤ ਦੇ ਪੱਖ ਤੋਂ ਪ੍ਰਵਚਨ ਸਿਰਜਣ ਦੀ ਪਹਿਲ ਅੰਮ੍ਰਿਤਾ ਪ੍ਰੀਤਮ ਹੀ ਅਜੀਹੀ ਕਵਿੱਤਰੀ ਸੀ ਜਿਸਨੇ ਪਹਿਲਾ ਪਹਿਲ ਪ੍ਰਗਤੀਵਾਦੀ ਦੌਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ।ਇਸ ਅਹਿਮ ਪ੍ਰਵਿਰਤੀ ਦਾ ਪਹਿਲਾ ਪ੍ਰਮਾਣਿਕ ਆਧਾਰ ਅੰਮ੍ਰਿਤਾ ਪ੍ਰੀਤਮ ਹੀ ਹੈ।

ਨਾਰੀ ਕਾਵਿ ਦੇ ਇਤਿਹਾਸ ਤੋਂ ਉਲਟ ਸਮਕਾਲੀ ਸਮੇਂ ਵਿੱਚ ਕਵਿੱਤਰੀਆਂ ਦੀ ਅਜਿਹੀ ਸਰਗਰਮੀ ਵੇਖਣ ਨੂੰ ਮਿਲ ਰਹੀ ਹੈ। ਜੋ ਪਹਿਲਾਂ ਕਦੇ ਵੀ ਦੇਖਣ ਨੂੰ ਨਹੀਂ ਮਿਲੀ। ਮਨਜੀਤ ਟਿਵਾਣਾ, ਮਨਜੀਤ ਇੰਦਰ, ਵਨੀਤਾ, ਪਾਲ ਕੌਰ, ਸੁਖਵਿੰਦਰ ਅੰਮ੍ਰਿਤ, ਨੀਰੂ ਅਸੀਮ ਆਦਿ ਕਵਿੱਤਰੀਆਂ ਦਾ ਪੂਰਾ ਦਾ ਪੂਰਾ ਹੀ ਕਾਵਿ-ਸਿਰਜਣਾ ਵਿੱਚ ਰੁੱਝਾ ਹੋਇਆ ਹੈ।

ਸਮਕਾਲੀ ਕਵਿਤਾ ਵਿੱਚ ਬੇਸ਼ੱਕ ਵੱਖ-ਵੱਖ ਕਵੀਆਂ ਦੁਆਰਾ ਵੀ ਨਾਰੀ ਕਾਵਿ ਦੀ ਸਿਰਜਣਾ ਹੋ ਰਹੀ ਹੈ। ਪਰ ਸਮਕਾਲੀ ਪੰਜਾਬੀ ਨਾਰੀ-ਕਾਵਿ ਵਿੱਚ ਪੰਜਾਬੀ ਕਵਿੱਤਰੀਆਂ ਨੇ ਔਰਤ ਦੀ ਜੀਵਨ ਨਾਲ ਸੰਬੰਧਿਤ ਅਨੁਭਵ ਨੂੰ ਔਰਤ ਦੀ ਦ੍ਰਿਸ਼ਟੀ ਤੋ ਸਿਰਜ ਕੇ ਨਵੇਂ ਚਿੰਨ੍ਹਾਂ ਰਾਹੀ ਪੇਸ਼ਕਾਰੀ ਕੀਤੀ ਹੈ। ਇਹਨਾਂ ਚਿੰਨ੍ਹਾਂ ਰਾਹੀਂ ਔਰਤ ਮਨ ਦੀਆਂ ਭਾਵਨਾਵਾਂ ਨੂੰ ਨਵੀਂ ਆਵਾਜ਼ ਪ੍ਰਾਪਤ ਹੋਈ ਹੈ।

ਇਸਦੇ ਨਾਲ ਹੀ ਵੱਖ -ਵੱਖ ਕਵਿਤਰੀਆ ਨੇ ਵੱਖਰੇ -ਵੱਖਰੇ ਵਿਿਸ਼ਆਂ ਤੇ ਬੇਸ਼ੱਕ ਉਹੀ ਨਾਰੀ ਦੀ ਸਥਿਤੀ ਬਾਰੇ ,ਪਿਆਰ ਬਾਰੇ ਇਸ ਸਮਾਜ ਦੇ ਵਿੱਚ ਉਪਜੈ ਤਣਾਓ ਤੇ ਨਾਰੀ ਦੀ ਸੋਚ ਉਸਦੇ ਹੱਕਾ ਪ੍ਰਤੀ ਜਾਗਰਤੀ ਪ੍ਰੰਪਰਾਵਾਦੀ ਔਰਤ ਦੀ ਬਦਲਦੀ ਸਥਿਤੀ ਨੂੰ ਲੈ ਕੇ ਵਿਚਾਰ ਪੇਸ਼ ਕੀਤੇ ਗਏ ਹਨ।

ਪੰਜਾਬ ਦੀਆਂ ਕਵਿਤਰੀਆ ਹਨ ਜਿਨ੍ਹਾ ਨੇ ਆਪਣੇ ਮਨ ਦੀਆ ਭਾਵਨਾਵਾ ਨੂੰ ਕਵਿਤਾ ਦੇ ਮਾਧਿਅਮ ਰਾਹੀ ਵਿਭੀੰਨ ਵਿਸ਼ਿਆਂ ਦੀ ਨਿਸ਼ਾਨਦੇਹੀ ਕਰਦੇ ਹੋਏ ਉਸ ਸੰਬੰਧੀ ਆਪਣੇ ਵਿਚਾਰਾ ਨੂੰ ਰੂਪਮਾਨ ਕੀਤਾ ਹੈ।

ਜਿਨ੍ਹਾਂ ਤੋਂ ਜਦੋਂ ਅਸੀਂ ਸਮਕਾਲੀ ਨਾਰੀ ਕਵਿਤਾ ਦਾ ਅਧਿਐਨ ਕਰਦੇ ਹਾਂ ਤਾਂ ਇਹ ਵਿਚਾਰ ਸਾਹਮਣੇ ਆਉਂਦਾ ਹੈ ਕਿ ਸਾਹਿਤ ਦੇ ਖੇਤਰ ਵਿੱਚ ਨਾਰੀ ਦੇ ਮੂਕ ਹੋਣ ਦਾ ਕਾਰਨ ਉਸਦਾ ਪਿਤਰੀ ਪ੍ਰਬੰਧ ਵਿੱਚ ਆਪਣੀ ਹੋਂਦ ਗਵਾ ਕੇ ਕਿਸੇ ਹੋਰ ਦੇ ਨਾਂ ਨਾਲ ਜਾਣੀ ਜਾਂਦੀ ਰਹੀ। ਮਰਦ ਹੀ ਭੋਗਣਹਾਰ ਰਿਹਾ, ਮਰਦ ਨੇ ਹੀ ਔਰਤ ਦਾ ਕਦੇ ਦੇਵੀ ਅਤੇ ਕਦੇ ਵੇਸਵਾ ਨਾ ਧਰਿਆਂ। ਔਰਤ ਆਪਣੇ ਬਾਰੇ ਕੀ ਸੋਚਦੀ ਹੈ? ਇਸ ਬਾਰੇ ਕਿਸੇ ਨੇ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ।

ਪੰਜਾਬੀ ਸਾਹਿਤ ਵਿਚਲਾ ਮਿੱਥ-ਸੰਸਾਰ ਆਮ ਤੌਰ ਤੇ ਵਿਦਰੋਹ ਵਿਚ ਹੀ ਖੜਾ ਹੈ। ਇਹ ਸੰਰਚਨਾ ਔਰਤ ਮਨ ਸਰੀਰ ਅਤੇ ਕਾਰ ਵਿਹਾਰਾਂ ਨੂੰ ਕਾਬੂ ਵਿੱਚ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ। ਪਿਤਾ-ਪੁਰਖੀ ਸਮਾਜ ਵਿੱਚ ਔਰਤਾਂ ਨੂੰ ਨਿਯੰਤਰਨ ਵਿੱਚ ਰੱਖਣ ਲਈ ਉਸ ਦੀ ਆਜ਼ਾਦੀ ਵਾਲੇ ਕਾਰ ਵਿਹਾਰ ਨੂੰ ਨਵੀਆਂ-ਨਵੀਆਂ ਮਿੱਥਾਂ ਦੀ ਸਿਰਜਣਾ ਕਰਕੇ ਪਾਪ ਘੋਸ਼ਿਤ ਕਰ ਦਿੱਤਾ ਜਾਂਦਾ । ਜੇਕਰ ਔਰਤ ਦੀ ਸਥਿਤੀ ਕਿਸੇ ਸ਼ਕਤੀਸ਼ਾਲੀ ਮੰਨੀ ਜਾਂਦੀ ਕਿ ਉਹ ਪਿਤਰੀ ਪਰੰਪਰਾਵਾਂ ਮੰਨਣ ਕਾਰਨ ਔਰਤ ਨੂੰ ਦੇਵੀ ਦਾ ਦਰਜਾ ਦੇ ਦਿੱਤਾ ਜਾਂਦਾ ਹੈ।

ਆਪਣੀ ਆਜ਼ਾਦੀ ਲਈ ਔਰਤ ਨੇ ਕਦੇ ਕਦਮ ਵਧਾਇਆ ਹੈ ਤਾ ਸਮਾਜ ਵੱਲੋਂ ਉਸਨੂੰ ਦੁਰਕਾਰਿਆ ਗਿਆ। ਇਸ ਕਦਮ ਨੂੰ ਧਰਮ ਤੇ ਸਮਾਜ ਵਿਰੋਧੀ ਦਸ ਕੇ ਔਰਤ ਨੂੰ ਲਾਹਨਤ ਪਾਈ ਹੈ ਅਤੇ ਔਰਤ ਨੂੰ ਸਮਾਜਿਕ ਨਿਯਮਾਂ ਵਿਰੁੱਧ ਠਹਿਰਾਇਆ ਜਾਂਦਾ ਰਿਹਾ ਹੈ। ਮਜ਼ਬੂਰੀ ਵਿਚ ਔਰਤ ਨੂੰ ਪਿੱਤਰੀ ਪਰੰਪਰਾਵਾਂ ਅੱਗੇ ਝੁਕਣਾ ਹੀ ਪੈਦਾਂ ਰਿਹਾ।

ਸਿਮੋਨ-ਦਾ ਬੂਆਰ ਦੇ ਵਿਚਾਰ ਅਨੁਸਾਰ

"ਪੁਰਸ਼ ਦੀ ਸਮੱਸਿਆ ਇਹ ਹੈ ਕਿ ਉਹ ਔਰਤ ਨੂੰ ਆਪਣੇ ਬਰਾਬਰ ਦਾ

ਅਧਿਕਾਰ ਨਹੀਂ ਦੇਣਾ ਚਾਹੁੰਦਾ। ਇਸ ਲਈ ਸਰੀਰਕ ਸ਼ਕਤੀ ਤੋਂ ਇਲਾਵਾ

ਉਸ ਨੇ ਜਿਹੜੇ ਧਰਮਾਂ ਅਤੇ ਮੁੱਲਾਂ ਦੀ ਸਿਰਜਣਾ ਕੀਤੀ ਅਤੇ ਜਿਹੜੇ

ਆਚਰਨ ਨੂੰ ਮਾਨਤਾ ਦਿੱਤੀ, ਉਹ ਸਭ ਉਸਦੀ ਆਪਣੀ ਸੁਵਿਧਾ

ਲਈ ਸੀ। [3]

ਪੰਜਾਬੀ ਦੀਆਂ ਕਵਿਤਰੀਆਂ ਦੀ ਸੂਚੀ ਵਿੱਚ ਬਹੁਤ ਸਾਰੀਆਂ ਅਹਿਮ ਕਵਿਤਰੀਆਂ ਹਨ ਅਸੀਂ ਇਹਨਾਂ ਵਿੱਚ ਸੁਖਵਿੰਦਰ ਅੰਮ੍ਰਿਤਾ ਦਾ ਸਥਾਨ ਤੇ ਆਧੁਨਿਕ ਕਵਿਤਾ ਬਾਰੇ ਚਰਚਾ ਕਰਨੀ ਹੈ। ਡਾ. ਪਾਲ ਕੌਰ ਨੇ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਆਪਣੀ ਨਿਵੇਕਲੀ ਥਾਂ ਬਣਾ ਲਈ ਹੈ। ਉਹ ਵੀ ਹੋਰਨਾਂ ਕਵਿੱਤਰੀਆਂ ਵਾਂਗ ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਦੀ ਸਥਿਤੀ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਰੂਪਮਾਨ ਕਰਦੀ ਹੈ। ਪਰ ਉਹਨਾਂ ਦੀਆਂ ਕਵਿਤਾਵਾਂ ਵਿੱਚ ਮਰਦ ਦਾ ਵਿਦਰੋਹ ਨਹੀਂ ਸਗੋਂ ਮਰਦਾਵੀ ਸੋਚ ਦਾ ਵਿਰੋਧ ਕੀਤਾ ਗਿਆ ਹੈ। ਉਹ ਔਰਤ ਦੇ ਦੁੱਖਾਂ ਦਾ ਮੁੱਖ ਕਾਰਨ ਰੂੜੀਗਤ ਕਦਰਾਂ-ਕੀਮਤਾਂ ਨੂੰ ਮੰਨਦੀ ਹੈ। ਜੋ ਕਿ ਔਰਤ ਦੇ ਵਜੂਦ ਨੂੰ ਖੰਡਿਤ ਕਰ ਦਿੰਦੀਆਂ ਹਨ। ਜੋ ਨਾਰੀ ਦੀ ਅੱਗੇ ਵੱਧਣ ਦੀ ਰਾਹ ਦੀ ਰੁਕਾਵਟ ਸਿੱਧ ਹੁੰਦੀਆਂ ਹਨ।

ਪਾਲ ਕੌਰ ਦੀ ਚਿਤਨਸ਼ੀਲ ਸੋਚ ਇਹ ਲੱਭਣ ਦਾ ਯਤਨ ਕਰਦੀ ਹੈ ਜੋ ਔਰਤ ਦੀ ਨਿੱਘਰਦੀ ਹਾਲਤਾਂ ਦੇ ਜਿੰਮੇਵਾਰ ਹਨ। ਸਮਾਜਿਕ ਤਬਦੀਲੀਆਂ ਦੇ ਬਾਵਜੂਦ ਵੀ ਔਰਤ ਦੱਸਦੀ ਹੈ ਕਿ ਅੱਜ ਔਰਤ ਸਮਾਜ ਰੂਪੀ ਝਨਾਂ ਵਿੱਚ ਕੱਲੀ ਹੈ। ਕੋਈ ਉਸ ਦੇ ਦੁੱਖ-ਸੁੱਖ ਦਾ ਸਾਥੀਂ ਨਹੀ। ਨਾ ਹੀ ਉਸ ਨੂੰ ਉਮੀਦ ਹੈ ਕਿ ਸਾਰੇ ਦੁੱਖ ਤੋਂ ਬਾਅਦ ਵੀ ਸਨ ਇੱਛਿਤ ਸਾਥੀ ਦੀ ਪ੍ਰਾਪਤੀ ਹੋ ਜਾਵੇਗੀ।

ਬੇਸ਼ੱਕ ਅੱਜ ਸਮਾਜਿਕ ਹਾਲਤ ਕਾਫ਼ੀ ਹੱਦ ਤੱਕ ਬਦਲ ਚੁੱਕੀ ਹੈ ਪਰ ਨਾਰੀ ਦੀ ਸਥਿਤੀ ਵਿੱਚ ਕੋਈ ਜਿਆਦਾ ਪਰਿਵਰਤਨ ਨਹੀ ਹੋ ਸਕਿਆ। ਉਹ 'ਸੋਹਣੀ' ਦੇ ਚਿਹਨ ਰਾਹੀਂ ਲਿਖਦੀ ਹੈ।

ਮੈਂ

ਅਨੋਖੀ ਸੋਹਣੀ

ਜਿਹਦੇ ਚੋਗਿਰਦੇ

ਝਨਾਂ ਦੀਆਂ ਛੱਲਾਂ ਨੇ

ਘੜਾ ਵੀ ਕੱਚਾ

ਪਰ ਪਾਰ

ਕੋਈ ਮਹੀਵਾਲ ਨਹੀ ਉਡੀਕ ਰਿਹਾ। [4]

ਕਵਿੱਤਰੀ ਔਰਤ ਨਾਲ ਹੁੰਦੇ ਸਮਾਜਿਕ ਖਿਲਵਾੜ ਦਾ ਮੁੱਖ ਕਾਰਨ ਸਮਾਜ ਦੀ ਵਿਵਸਥਾ ਨੂੰ ਮੰਨਦੀ ਹੈ ਸਮਾਜ ਵਿੱਚ ਵਿਚਰਦੀ ਨਾਰੀ ਜਦੋਂ ਆਪਣੀ ਵੱਖਰੀ ਪਛਾਣ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੀ ਹਨ ਤਾਂ ਪਿਤਰੀ ਸੋਚ ਉਸ ਨੂੰ ਮਿਟਾਉਣ ਲਈ ਪੂਰੀ ਕੋਸ਼ਿਸ਼ ਕਰਦੀ ਹੈ। ਔਰਤ ਜਦੋਂ ਆਪਣੇ ਆਪ ਨੂੰ ਪਛਾਨਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਦੀ ਸੋਚ ਨੂੰ ਖੰਡਿਤ ਕਰ ਦਿੱਤਾ ਜਾਂਦਾ ਹੈ। ਇਸ ਸਭ ਦਾ ਜਿੰਮੇਵਾਰ ਮਰਦ ਪ੍ਰਧਾਨ ਸਮਾਜ ਹੈ ਜਾ ਇਸ ਦੀ ਪਿਤਰੀ ਵਿਵਸਥਾ ਜੋ ਸਦੀਆਂ ਤੋਂ ਚੱਲੀ ਆ ਰਹੀ ਹੈ। ਜੋ ਔਰਤ ਦੀ ਹੋਂਦ ਨੂੰ ਮਿਟਾਉਂਣਾ ਚਾਹੁੰਦਾ ਹੈ।

ਮੈਂ ਜਿੰਨੀ ਵਾਰ ਵੀ

ਟੁੱਟੇ ਸ਼ੀਸ਼ੇ ਜੋੜ ਕੇ।

ਆਪਣੇ ਨਕਸ਼ ਪਛਾਨਣ ਦੀ ਕੋਸ਼ਿਸ਼ ਕੀਤੀ ਏ

ਉਨੀ ਵਾਰ ਹੀ

ਸ਼ੀਸ਼ਾ ਹੁੱਥੋਂ ਛੁੱਟ ਗਿਆ ਏ

ਤੇ ਵਜੂਦ ਮੇਰਾ

ਹਰ ਵਾਰ

ਹੋਰ ਵੀ ਖੰਡਿਤ ਹੋਇਆ ਹੈ।[5]

ਮਹੁੱਬਤ ਵਿੱਚ ਮਰਦ-ਔਰਤ ਸੰਬੰਧ ਭਾਵੁਕਤਾ ਹੁੰਦਾ ਹੈ। ਜਦੋਂ ਘਰ ਦੀ ਸੰਸਥਾ ਵਿੱਚ ਪਰਿਵਰਤਿਤ ਹੁੰਦੇ ਹਨ। ਭਾਵ ਜਦੋਂ ਪਤੀ-ਪਤਨੀ ਬਣ ਜਾਂਦੇ ਹਨ ਤਾਂ ਉਨ੍ਹਾਂ ਦਾ ਸੰਬੰਧ ਪਿਤਰੀ ਹੋ ਜਾਂਦਾ ਹੈ ਅਤੇ ਨਾਰੀ ਉਸੇ ਦੁਆਲੇ ਪਰਿਕਰਮਾ ਕਰਨ ਲੱਗਦੀ ਹੈ। ਪਾਲ ਕੌਰ ਇਸ ਬਾਰੇ ਲਿਖਦੀ ਹੈ।

ਫਲਣਾ-ਫੁੱਲਣਾ ਹੈ

ਤਾਂ ਦੋ ਚਾਰ ਹੱਥਦੀ ਦੂਰੀ ਤੇ ਰਹੀ

ਇਕ ਦਾ ਕੱਦ ਵਧ ਜਾਵੇ

ਤਾਂ ਦੂਜਾ ਉਸ ਦੇ ਪਰਛਾਵੇਂ ਵਿੱਚ ਹੀ

ਸੜ-ਸੁੱਕ ਜਾਵੇਗਾ। 6

ਔਰਤ ਪ੍ਰਤੀ ਸਮਾਜਿਕ ਸੋਚ ਹੁਣ ਤੱਕ ਵੀ ਕਾਇਮ ਹੈ। ਪਰੰਪਰਵਾਦੀ ਔਰਤ ਆਪ ਵੀ ਇਸੇ ਤਰ੍ਹਾਂ ਦੀ ਸੋਚ ਜਾਂ ਵਿਚਾਰਧਾਰਾ ਰੱਖਦੀ ਹੈ। ਨਾਰੀ ਦੀ ਆਪਣੀ ਅਣਚਾਹੀਂ ਹੋਂਦ ਦਾ ਅਹਿਸਾਸ ਪਰ ਵਕਤ ਉਸ ਨੂੰ ਕਰਵਾਇਆ ਜਾਂਦਾ ਹੈ ਭਾਵੇਂ ਹੁਣ ਜ਼ਮਾਨਾ ਕਿੰਨਾ ਵੀ ਬਦਲ ਗਿਆ ਹੈ ਪਰ ਕੁੜੀ ਦਾ ਜਨਮ ਅਜੇ ਵੀ ਸਰਾਪ ਹੀ ਮੰਨਿਆ ਜਾਂਦਾ ਹੈ। ਨਾਰੀ ਦਮਨ ਦਾ ਢਾਂਚਾ ਪਰੰਪਰਾਗਤ ਰੂਪ ਵਿੱਚ ਹੀ ਚੱਲਦਾ ਆ ਰਿਹਾ ਹੈ। ਕਵਿੱਤਰੀ ਔਰਤ ਬਾਰੇ ਦੱਸਦੀ ਲਿਖਦੀ ਹੈ ਕਿ ਉਸ ਦੀ ਹੋਂਦ ਖੱਬਲ ਤੋਂ ਵੱਧ ਕੁਝ ਨਹੀਂ ।

ਕੁੜੀਆਂ ਫ਼ਸਲ ਦੇ ਨਾਲ ਨਾਲ ਉੱਗਿਆ ਖਰਪਤਵਾਰ ਹੀ ਮੰਨਿਆ ਜਾਂਦਾ ਹੈ ਜੋ ਅਣਚਾਹੇ ਰੂਪ ਵਿੱਚ ਵਿਚਰਦੀਆਂ ਹਨ। ਇਸੇ ਤਰ੍ਹਾਂ ਦੀ ਸੋਚ ਦਾ ਅਹਿਸਾਸ ਔਰਤ ਦੇ ਮਨ ਵਿੱਚ ਵਿਸ਼ਾਦ ਭਰ ਦਿੰਦਾ ਹੈ। ਉਹ ਆਪਣੇ ਆਪ ਨੂੰ ਦੋਸ਼ੀ ਮੰਨਦੀ ਹੋਈ ਬਿਨਾਂ ਕਿਸੇ ਕਸੂਰ ਦੇ ਸੰਤਾਪ ਭੋਗਦੀ ਰਹਿੰਦੀ ਹੈ।

ਮੈਂ ਤਾਂ ਇੱਕ ਕਿਆਰੀ ਵਿੱਚ ਹੋਰਨਾਂ ਪੌਦਿਆਂ ਨਾਲ

ਕਿਸੇ ਖੱਬਲ ਵਾਂਗ ਉੱਗ ਪਈ ਸਾਂ-

ਤੇ ਖੱਬਲ ਵਾਂਗ ਹੀ ਪਲ ਗਈ ਹਾਂ

ਮਾਲੀ ਨੇ ਜਦੋਂ ਵੀ ਚਾਹਿਆ,

ਮੈਨੂੰ ਪੁੱਟ ਕੇ ਸੁੱਟਣ ਦੀ ਕੋਈ ਕਸਰ ਨਹੀਂ ਛੱਡੀ

ਪਰ ਮੈਂ ਉਨ੍ਹਾਂ ਪੌਦਿਆਂ ਦੀਆਂ ਜੜਾਂ ਨਾਲ,

ਮੁੜ ਉੱਗ ਪਈ। 7

ਔਰਤ ਦੀ ਪੁੱਤਰ ਪ੍ਰਾਪਤੀ ਦੀ ਇੱਛਾ ਅਤੇ ਪੁੱਤਰ ਦਾ ਜਨਮ ਨਾ ਲੈਣਾ ਕਿਸ ਤਰ੍ਹਾਂ ਮਾਂ ਲਈ ਦੁਖਦਾਈ ਹੋ ਨਿਬੱੜਦਾ ਹੈ।

ਕਵਿੱਤਰੀ ਸਵੈ-ਸੰਵਾਦ ਰਾਹੀਂ ਸਮੁੱਚੀ ਔਰਤ ਜਾਤੀ ਦੇ ਦਰਦ ਨੂੰ ਪੇਸ਼ ਕਰਦੀ ਹੈ ਕਿ ਇਸ ਤਰ੍ਹਾਂ ਪੁਰਸ਼ ਪ੍ਰਧਾਨ ਸਮਾਜ ਵਿੱਚ ਉਸ ਦੀ ਕੁੱਖੋਂ ਜਨਮ ਲੈ ਕੇ ਪੁਰਸ਼ ਉਸੇ ਦਾ ਅਧਿਕਾਰੀ ਹੋ ਗਿਆ। ਮਿੱਥ ਨਾਲ ਜੋੜਦੀ ਕਵਿੱਤਰੀ ਲਿਖਦੀ ਹੈ ਕਿ ਔਰਤ ਤੇ ਮਰਦ ਨੇ ਇੱਕਠੇ ਵਰਜਿਤ ਫਲ ਖਾਧਾ ਅਤੇ ਦੋਹਾਂ ਨੂੰ ਇੱਕਠੇ ਸਰਾਪ ਦੇ ਕੇ ਸਵਰਗ ਵਿੱਚੋ ਕੱਢ ਦਿੱਤਾ ਗਿਆ ਪਰ ਔਰਤ ਦੀ ਤ੍ਰਾਸਦੀ ਹੋਰ ਵੱਧ ਗਈ, ਜਦੋਂ ਉਸ ਨੂੰ ਪੁਰਸ਼ ਅਧੀਨ ਰਹਿ ਕੇ ਗਰਭ ਦੀ ਪੀੜ ਵੀ ਸਹਿਣ ਕਰਨੀ ਪਈ। ਆਦਿ ਯੁੱਗ ਦੀ ਔਰਤ ਤ੍ਰਾਸਦੀ ਨੂੰ ਮਿਥਿਹਾਸ ਦੁਆਰਾ ਅੱਜ ਦੀ ਨਾਰੀ ਦੇ ਦੁਖਾਂਤ ਨਾਲ ਜੋੜਦੀ ਹੈ।

ਬਹਿਸਤ ਵਿੱਚ, ਵਰਜਿਤ ਫਲ ਇੱਕਠਿਆਂ ਖਾਧਾ ਸੀ ਅਸਾਂ-

ਤੇ ਇੱਕਠੇ ਜਲਾਵਤਨ ਹੋ ਕੇ, ਆਏ ਸਾਂ ਧਰਤੀ ਤੇ,

ਪਰ ਧਰਤੀ ਤੇ ਆ ਕੇ

ਤੇਰੇ ਮੇਰੇ ਸਰਾਪ ਤੇ ਸਜਾ ਵੱਖ-ਵੱਖ ਹੋ ਗਏ

ਤੇਰੇ ਨਾਲ ਇਕਮਿਕ ਹੋ ਕੇ ਮੈਂ

ਤੇਰੀ ਨਸਲ ਨੂੰ ਤੇ ਆਪਣੀ ਨਸਲ ਨੂੰ ਜਨਮਦੀ ਰਹੀ-

ਤੇਰਾ ਬੀਜ਼ ਮੈਂਥੋਂ ਲਹੂ ਲੈ ਕੇ ਉੱਗਿਆ

ਤੇ ਮੇਰਾ ਹੀ ਅਧਿਕਾਰੀ ਹੋ ਗਿਆ। [8]

ਬੇਸ਼ੱਕ ਪੁਰਸ਼ ਹਮੇਸ਼ਾ ਔਰਤ ਨੂੰ ਬੱਚਾ ਪੈਦਾ ਕਰਨ ਦਾ ਸਾਧਨ ਵਾਂਗ ਸਮਝਦਾ ਹੈ। ਹਰ ਔਰਤ ਵੀ ਆਪਣੀ ਪੂਰਨਤਾ ਮਾਂ ਬਣਨ ਵਿੱਚ ਸਮਝਦੀ ਹੈ। ਪਾਲ ਕੌਰ ਸਿਰਜਕ ਦੇ ਤੌਰ ਤੇ ਔਰਤ ਦੀ ਅਰਾਪਨਾ ਕਰਦੀ ਅਤੇ ਗਰਭ ਦੀ ਪੀੜ ਸਹਿਣ ਦੀ ਸ਼ਕਤੀ ਦਾ ਦਾਦ ਦਿੰਦੀ ਹੈ।

ਸਿਰਜਕ ਤਾਂ ਮਾਂ ਹੁੰਦੀ ਹੈ

ਸਿਰਜਕ ਕਲਾਕਾਰ ਹੁੰਦਾ ਹੈ। [9]

ਸਮਕਾਲੀ ਕਵਿਤਾ ਵਿਚ ਪਤੀ, ਮਰਦ ਜਾਂ ਕੁਝ ਹੋਰ ਅਹਿਮ ਰਿਸ਼ਤਿਆਂ ਦੇ ਪਰੰਪਰਾਗਤ ਮਾਡਲ ਨੂੰ ਵੰਗਾਰਿਆ ਗਿਆ ਕਿਉਂਕਿ ਸਭਿਆਚਾਰ ਵਿੱਚ ਮਰਦ-ਪ੍ਰਧਾਨ ਵਿਰਸਾ ਨਾ ਮੁੱਕਣ ਵਾਲ ਦਰਦ ਹੈ। ਨਵੀਂ ਕਵਿਤਾ ਇਹਨਾਂ ਰਿਸ਼ਤਿਆਂ ਤੋ ਤਰਸ ਹਮਦਰਦੀ ਜਾ ਹੱਕ ਦੀ ਗੱਲ ਨਕਾਰਦੀ ਹੈ। ਉਹ ਆਪਣੇ ਕਾਵਿ ਵਿੱਚ ਪੁਰਸ਼-ਪ੍ਰਧਾਨ ਸਮਾਜ ਦੇ ਪ੍ਰਵਚਨਾਂ ਨੂੰ ਮੂਲੋਂ ਰੱਦ ਕਰਨ ਦੀ ਬਜਾਏ ਉਸ ਨਾਲ ਸੰਵਾਦ ਰਚਾਉਂਦੀ ਹੈ ਅਤੇ ਔਰਤ ਵਰਗ ਨੂੰ ਸਮਾਨੰਤਰ ਰੱਖਦੀ ਹੋਈ ਉਸ ਦੇ ਗੋਰਵ ਨੂੰ ਦਰਸਾਉਂਦੀ ਹੋਈ ਮੈਂ- ਮੂਲਕ ਸਵਰ ਵਿੱਚ ਬੋਲਦੀ ਹੈ।

ਮਿਲੀ ਭਾਵੇਂ ਤੂੰ ਮੈਨੂੰ ਸਾਰੀਆਂ ਕੰਧਾਂ ਢਾਹ ਕੇ

ਪਰ ਹੋਵੇਗੀ ਤੇਰੀ ਚੋਜ ਵੀ ਤੇ ਮੇਰੀ ਵੀ

ਹੋਣਗੇ ਤੇਰੇ ਪਿੰਜਰੇ ਵੀ ਤੇ ਮੇਰੇ ਵੀ

ਰੱਖ ਲਵਾਂਗੇ ਥੋੜ੍ਹੀ ਜਿਹੀ ਕੱਢੀ ਜਗ੍ਹਾ

ਨੋ ਮੈਨਜ਼ ਲੈਂਡ

ਸਾਹ ਲੈਣ ਲਈ

ਲੜਨ ਲਈ

ਰੋਂਣ ਲਈ

ਤੇ ਜੀਣ ਲਈ

ਆਵਾਗੀਂ ਤੇਰੇ ਕੋਲ ਮੁੜ-ਮੁੜ

ਸ਼ਬਦਾ ਦੀ ਉਂਗਲ ਫੜ ਕੇ

ਪਰ ਸ਼ਬਦ ਤੇ ਸੱਚ ਵਿੱਚ ਹੋਵੇਗਾ ਕੁਝ ਫ਼ਾਸਲਾ

ਰੱਖੀ ਉਸ ਫ਼ਾਸਲੇ ਉੱਤੇ ਪੈਰ

ਤੇ ਮਿਲੀ ਮੈਂਨੂੰ। [10]

ਸੁਖਵਿੰਦਰ ਅੰਮ੍ਰਿਤ ਵਾਂਗ ਪਾਲ ਕੌਰ ਵੀ ਮਾਂ ਰਾਹੀਂ ਅਜਿਹੇ ਸੰਵਾਦ ਕਢਾਉਂਦੀ ਹੈ ਜੋ ਔਰਤ ਦੇ ਮਰਦ ਦੀ ਅਧੀਨਤਾ ਸਵੀਕਾਰ ਕਰਨ ਲਈ ਪ੍ਰੇਰਨਾ ਹੁੰਦੇ ਹਨ। ਕਿਉਂਕਿ ਮਾਂ ਹੀ ਬੱਚੇ ਦੀ ਪਹਿਲੀ ਗੁਰੂ ਹੁੰਦੀ ਹੈ ਜੋ ਆਪਣੀ ਧੀ ਨੂੰ ਚੇਤੰਨ ਕਰਦੀ ਹੈ ਜਾਂ ਫਿਰ ਪ੍ਰਸਥਿਤੀਆਂ ਅੱਗੇ ਝੁਕਣ ਲਈ ਮਜਬੂਰ ਕਰਦੀ ਹੈ। ਮਾਂ ਖੁਦ ਇੱਕ ਔਰਤ ਹੁੰਦੀ ਹੈ। ਜਿਸ ਨੇ ਮਰਦ ਪ੍ਰਧਾਨ ਸਮਾਜ ਵਿੱਚ ਆਪ ਦੀ ਉਨ੍ਹਾਂ ਬੰਧਨਾ ਨੂੰ ਆਪ ਨਿਭਾਇਆ ਹੁੰਦਾ ਹੈ। ਮਾਂ ਇੱਕੋ ਪਰੰਪਰਾਵਾਦੀ ਔਰਤ ਹੈ ਜੋ ਮੁਕਤੀ ਬਾਰੇ ਸੋਚਦੀ ਹੀ ਨਹੀ। ਮਰਦ ਅਧੀਨ ਜ਼ਿੰਦਗੀ ਨੂੰ ਹੀ ਆਖ਼ਰੀ ਸੱਚ ਮੰਨਦੀ ਹੈ।

ਪਾਲ ਕੌਰ ਉਹ ਆਪਣੀ ਕਵਿਤਾ ਵਿੱਚ ਅਜਿਹੀ ਔਰਤ ਦਾ ਚਿੱਤਰ ਪੇਸ਼ ਕਰਦੀ ਹੈ ਜੋ ਹਮੇਸ਼ਾ ਇੱਕ ਚੱਕਰਵਿਉ ਵਿੱਚ ਘਿਰੀ ਰਹਿੰਦੀ ਹੈ ਅਤੇ ਇਸ ਵਿੱਚ ਕਦੇ ਬਾਹਰ ਨਹੀ ਨਿਕਲ ਸਕਦੀ।

ਮਾਂ ਨੇ ਆਖਿਆ ਸੀ

ਕਿ ਕੁੜੀਆਂ ਲਈ ਨਹੀਂ ਚੰਗਾ ਬਹੁਤਾ ਤੁਰਨਾ

ਕੁੜੀਆਂ ਦੇ ਪੈਰਾਂ 'ਚ ਸਫ਼ਰ ਤਾਂ ਬਹੁਤ ਹੁੰਦੇ ਨੇ

ਪਰ ਉਨਾਂ ਕਿਤਾ ਜਾਣਾ ਨਹੀਂ ਹੁੰਦਾ।

ਉਦੋਂ ਮੈਨੂੰ ਮਾਂ ਦੀ ਗੱਲ ਸਮਝ ਨਹੀ ਸੀ ਆਈ-

ਤੇ ਮੈਂ ਤੁਰਦੀ ਰਹੀ.................ਤੁਰਦੀ ਕੀ?

ਇੱਕ ਕਦਮ ਅਜਿਹਾ ਵਾਪਰ ਜਾਂਦਾ

ਕਿ ਤਿਲਕ ਦੇ ਦੋ ਕਦਮ ਪਿਛਾਂਹ ਆ ਜਾਂਦੀ। 11

ਇਸ ਤਰ੍ਹਾਂ ਮਰਦ ਦੇ ਪਰਛਾਵੇਂ ਵਿੱਚ ਉੱਗਣ ਦੀ ਬਜਾਏ- ਵੱਖਰੀ ਸਪੇਸ ਚਾਹੁੰਦੀ ਹੈ। ਪਾਲ ਇਸ ਸਭ ਦਾ ਅੰਤ ਨਾਰੀ ਚੇਤਨਾ ਨਾਲ ਜੋੜਦੀ ਹੈ ਜਿਥੇ ਪਿਤਰਕੀ ਦਾ ਅੰਤ ਹੀ ਉਸ ਦੀ ਸਵੈ-ਹੋਂਦ, ਆਜ਼ਾਦੀ ਅਤੇ ਬਰਾਬਰੀ ਦਾ ਰਾਹ ਬਣੇਗਾ। ਪੰਜਾਬੀ ਨਾਰੀ-ਕਾਵਿ ਵਿੱਚ ਇਸ ਤਰ੍ਹਾਂ ਦੀ ਵੱਖਰਿਆਉਂਦੀ ਹੈ ਉਹ ਨਵੇਂ ਸਫ਼ਰ ਦਾ ਰਾਹ ਦੱਸਦੀ ਰਹਿੰਦੀ ਹੈ।

## ਹਵਾਲੇ ਅਤੇ ਟਿੱਪਣੀਆਂ:-


1) ਹਰਵਿੰਦਰ ਭੰਡਾਲ ,ਸਮਕਾਲੀ ਪੰਜਾਬੀ ਕਵਿਤਾ,ਪੰਨਾ -140 **(viii)**
2) ਸੀਮਵ ਦਾ ਬੋਵਾਇਰ ,ਇਸਤਰੀ ਅਪੇਕਸ਼ਿਤਾ (ਅਨੁ.ਡਾ.ਪ੍ਰਭਾ ਖੇਤਾਨ) ,ਪੰਨਾ –34 (x)
3) ਪਾਲ ਕੌਰ, ਖਲਾਅ ਵਾਸੀ, ਪੰਨਾ- 07 (xii)
4) ਪਾਲ ਕੌਰ, ਖਲਾਅ ਵਾਸੀ, ਪੰਨਾ- 116 (xiii)
5) ਉਦਰਿਤ, ਤਕਸੀਨ, ਸੱਤਾ ਤੇ ਪ੍ਰਵਚਨ, ਪੰਨਾ- 28 (xiv)
6) ਪਾਲ ਕੌਰ, ਸਵੀਕਾਰ ਤੋਂ ਬਾਅਦ, ਪੰਨਾ- 20 (xv)
7) ਪਾਲ ਕੌਰ, ਸਵੀਕਾਰ ਤੋਂ ਬਾਅਦ, ਪੰਨਾ- 30(xvi)
8) ਪਾਲ ਕੌਰ, ਸਵੀਕਾਰ ਤੋਂ ਬਾਅਦ, ਪੰਨਾ- 27(xvii)
9) ਪਾਲ ਕੌਰ, ਸਵੀਕਾਰ ਤੋਂ ਬਾਅਦ, ਪੰਨਾ- 31(xviii)
10) ਪਾਲ ਕੌਰ ਇੰਜ ਨਾ ਮਿਲੀ ਪੰਨਾ- 14(xx)
11) ਪਾਲ ਕੌਰ, ਸਵੀਕਾਰ ਤੋਂ ਬਾਅਦ, ਪੰਨਾ- 59(xxi)